# ਗੁਰਸ਼ਰਨ ਸਿੰਘ : ਇਕ ਬਹੁਪੱਖੀ ਸੰਸਥਾ

## *ਗੁਰਬਚਨ ਸਿੰਘ ਭੁੱਲਰ*

ਗੁਰਸ਼ਰਨ ਸਿੰਘ ਕਿਸੇ ਵਿਅਕਤੀ ਦਾ ਨਹੀਂ ਸਗੋਂ ਇਕ ਬਹੁਪੱਖੀ ਸੰਸਥਾ ਦਾ ਨਾਂ ਹੈ। ਪੰਜਾਬ ਦੇ ਸਾਹਿਤਕ-ਸਭਿਆਚਾਰਕ ਖੇਤਰ ਦੇ ਜਿਨ੍ਹਾਂ ਵਿਅਕਤੀਆਂ ਦੀ ਸਭ ਤੋਂ ਵੱਧ ਇਜ਼ਤ ਕੀਤੀ ਜਾਂਦੀ ਹੈ, ਉਹ ਨਿਸ਼ਚੇ ਹੀ ਉਨ੍ਹਾਂ ਵਿਚੋਂ ਇਕ ਹੈ। ਉਹਨੂੰ ਆਪਣੇ ਲੋਕਾਂ ਦਾ ਸਾਥ ਮਿਲਿਆ ਹੈ, ਪਿਆਰ ਵੀ ਅਤੇ ਸਤਿਕਾਰ ਵੀ।

ਸਾਹਿਤਕ-ਸਭਿਆਚਾਰਕ ਖੇਤਰ ਦਾ ਪਹਿਲਾ ਪੱਖ, ਜੀਹਦੇ ਵਿਚ ਗੁਰਸ਼ਰਨ ਸਿੰਘ ਨੇ ਪੈਰ ਰੱਖਿਆ, ਨਾਟਕ ਸੀ। ਇਸ ਖੇਤਰ ਵਿਚ ਉਹਦੀ ਦੇਣ ਏਨੀਂ ਨਿੱਗਰ, ਅਰਥ ਭਰਪੂਰ ਅਤੇ ਉਜਾਗਰ ਹੈ ਕਿ ਉਹਨੂੰ ਦੁਹਰਾਉਣਾ ਬੇਤੁਕਾ ਜਿਹਾ ਲਗਦਾ ਹੈ।

ਉਹਨੇ ਆਪ ਅਨੇਕ ਇਕਾਂਗੀ ਅਤੇ ਪੂਰੇ ਨਾਟਕ ਲਿਖੇ ਹਨ। ਇਹਦੇ ਲਾਲ ਹੀ ਉਹਨੇ ਪੰਜਾਬੀ ਦੀਆਂ ਅਤੇ ਹੋਰ ਦੇਸੀ ਬਦੇਸੀ ਭਾਸ਼ਾਵਾਂ ਦੀਆਂ ਪ੍ਰਸਿੱਧ ਰਚਨਾਵਾਂ ਨੂੰ ਨਾਟਕਾਂ ਦੇ ਰੂਪ ਵਿਚ ਢਾਲਿਆ ਹੈ। ਆਪਣੀ ਨਾਟ-ਸਾਮਗਰੀ ਲਈ ਉਹਨੇ ਸਾਡੇ ਵਿਰਸੇ ਦੀਆਂ, ਖਾਸ ਕਰਕੇ ਸਿੱਖ ਇਤਿਹਾਸਕ ਵਿਰਸੇ ਦੀਆਂ, ਖਾਸ ਕਰਕੇ ਸਿੱਖ ਇਤਿਹਾਸਕ ਵਿਰਸੇ ਦੀਆਂ ਘਟਨਾਵਾਂ ਦੀ, ਜੋ ਪੰਜਾਬੀ ਜਨ-ਸਾਧਾਰਨ ਨੂੰ ਧੁਰ-ਅੰਦਰ ਤਕ ਟੁਬੰਦੀਆਂ ਹਨ ਵੀ ਭਰਪੂਰ ਵਰਤੋਂ ਕੀਤੀ ਹੈ। ਇਉਂ ਕਰਦਿਆਂ ਉਹਨੇ ਉਨ੍ਹਾਂ ਦੇ ਅਜਿਹੇ ਨੁਕਤਿਆਂ ਉਤੇ ਅਜਿਹੇ ਪਹਿਲੂਆਂ ਉਤੇ, ਅਜਿਹੀਆਂ ਗੱਲਾਂ ਉਤੇ, ਜੋ ਉਹਦੀ ਆਪਣੀ ਸੋਚ ਦੇ ਅਨੁਸਾਰ ਹੋਣ ਅਤੇ ਉਹਦੇ ਸੁਨੇਹੇ ਨੂੰ ਦਰਸ਼ਕਾਂ ਤਕ ਪੁਚਾ ਸਕਣ, ਜ਼ੋਰ ਦੇ ਕੇ, ਉਨ੍ਹਾਂ ਨੂੰ ਉਭਾਰ ਕੇ ਇਨ੍ਹਾਂ ਰਚਨਾਵਾਂ ਅਤੇ ਘਟਨਾਵਾਂ ਨੂੰ ਨਵੇਂ ਅਰਥ ਵੀ ਦਿੱਤੇ ਹਨ।

ਉਹਨੇ ਆਪਣੀ ਨਾਟ-ਮੰਡਲੀ ਜੋੜੀ ਹੈ ਅਤੇ ਅਨੇਕ ਨਾਟਕਾਂ ਦਾ ਨਿਰਦੇਸ਼ਨ ਕੀਤਾ ਹੈ। ਇਸ ਅਮਲ ਦੌਰਾਨ ਉਹਨੇ ਨਵੇਂ-ਨਵੇਂ ਕਲਾਕਾਰਾਂ ਨੂੰ ਆਪਣੀ ਮੰਡਲੀ ਵਿਚ ਸ਼ਾਮਲ ਕਰਕੇ, ਆਪਣੀ ਨਿਰਦੇਸ਼ਨ-ਸੂਝ ਨਾਲ ਛਿੱਲ ਤਰਾਸ਼ ਕੇ ਕੋਮਲਭਾਵੀ ਅਦਾਕਾਰ ਬਣਾਇਆ ਹੈ। ਉਹਦੇ ਚੰਡੇ ਹੋਏ ਐਕਟਰ ਹੋਰ ਨਾਟ-ਮੰਡਲੀਆਂ ਵਿਚ, ਟੈਲੀਵਿਜਨ ਉਤੇ ਅਤੇ ਫਿਲਮਾਂ ਵਿਚ ਆਪਣੀ ਪ੍ਰਤਿਭਾ ਵਿਖਾ ਰਹੇ ਹਨ। ਅਦਾਕਾਰਾਂ ਵਾਂਗ ਹੀ ਉਹਤੋਂ ਸਿਖਲਾਈ ਲੈ ਕੇ ਕਈ ਕਲਾ-ਪ੍ਰਵੀਨ ਨਿਰਦੇਸ਼ਕ ਵੀ ਪ੍ਰਵਾਨ ਚੜ੍ਹੇ ਹਨ।

ਇਕ ਨਿਰਦੇਸ਼ਕ ਵਜੋਂ ਗੁਰਸ਼ਰਨ ਸਿੰਘ ਨੇ ਮੰਚ ਨਾਲ ਜੁੜੀਆਂ ਹੋਈਆਂ ਕਈ

ਪ੍ਰੰਪਰਾਗਤ ਮਿੱਥਾਂ ਤੋੜੀਆਂ ਹਨ। ਭਾਵੇਂ ਵਿਰਲੇ ਟਾਵੇਂ ਨਾਟਕ ਪਹਿਲਾਂ ਵੀ ਸਮੇਂ-ਸਮੇਂ ਖੁੱਲ੍ਹੇ ਥਾਵਾਂ 'ਤੇ ਹੁੰਦੇ ਹਨ, ਪਰ ਰਵਾਇਤੀ ਤੌਰ 'ਤੇ ਇਹਦੇ ਲਈ ਢੁੱਕਵੀਂ ਥਾਂ ਵਿਸ਼ੇਸ਼ ਕਿਸਮ ਦੇ ਮੰਚ ਵਾਲਾ ਬੰਦ ਹਾਲ ਹੀ ਸਮਝਿਆ ਜਾਂਦਾ ਰਿਹਾ ਹੈ, ਜਿਸ ਵਿਚ ਵਿਸ਼ੇਸ਼ ਕਿਸਮ ਦੀਆਂ ਰੌਸ਼ਨੀਆਂ ਹੋਣ ਅਤੇ ਆਵਾਜ਼ ਦੇ ਵਿਸ਼ੇਸ਼ ਪ੍ਰਬੰਧ ਹੋਣ। ਇਉਂ ਨਾਟਕ ਨੂੰ ਚੋਣਵੇਂ ਦਰਸ਼ਕਾਂ ਲਈ ਬਣਿਆ ਸਮਝਿਆ ਜਾਂਦਾ ਰਿਹਾ ਹੈ। ਪਰ ਉਹ ਨਾਟਕ ਨੂੰ ਅਜਿਹੇ ਭੱਦਰ ਦਰਸ਼ਕਾਂ ਵਿਚੋਂ ਕੱਢ ਕੇ ਪਿੰਡਾਂ ਵਿਚ ਲੈ ਗਿਆ ਹੈ, ਜਿਥੇ ਕੋਈ ਵੀ ਸਾਧਾਰਨ ਚੌਂਤਰਾਂ ਜਾਂ ਖੁੱਲ੍ਹਾ ਪਿੜ ਜਾਂ ਕਿਸਾਨ ਦਾ ਗੱਡਾ ਮੰਚ ਹੁੰਦਾ ਹੈ, ਲਾਲਟੈਣ ਵਿਸ਼ੇਸ਼ ਚਾਨਣ-ਪ੍ਰਭਾਵ ਦਿੰਦੀ ਹੈ ਅਤੇ ਗੁਰਸ਼ਰਨ ਸਿੰਘ ਦੀ ਤੇ ਉਹਦੇ ਕਲਾਕਾਰਾਂ ਦੀ ਗੱਜਦੀ, ਬੁੱਕਦੀ ਤੇ ਗੂੰਜਦੀ ਆਵਾਜ਼ ਵਿਸ਼ੇਸ਼ ਧੁਨੀ-ਪ੍ਰਭਾਵ ਪੈਦਾ ਕਰਦੀ ਹੈ।

ਉਹਨੇ ਅਦਾਕਾਰੀ ਦੀ ਵੀ ਆਪਣੀ ਵਿਸ਼ੇਸ਼ ਸ਼ੈਲੀ ਵਿਕਸਿਤ ਕੀਤੀ ਹੋਈ ਹੈ। ਆਪਣੀ ਹੋਂਦ ਭੁੱਲ ਕੇ ਪਾਤਰ ਦਾ ਸਾਕਾਰ ਰੂਪ ਬਣ ਜਾਣ ਵਾਲੀ ਸ਼ੈਲੀ, ਜਜ਼ਬੇ-ਗੁੱਧੀ, ਸਰੋਤੇ-ਦਰਸ਼ਕ ਦੀ ਸੋਚ ਨੂੰ ਕਰਾਮਾਤੀ ਢੰਗ ਨਾਲ ਉਂਗਲੀ ਲਾ ਕੇ ਬਰਾਬਰ ਤੋਰ ਲੈਣ ਵਾਲੀ ਸ਼ੈਲੀ। ਇਸੇ ਕਰਕੇ ਆਮ ਤੌਰ 'ਤੇ ਜਿਹੜੇ ਪਾਤਰਾਂ ਦੀਆਂ ਭੂਮਿਕਾਵਾਂ ਗੁਰਸ਼ਰਨ ਸਿੰਘ ਦੇ ਰੂਪ ਵਿਚ ਯਾਦਗਾਰੀ ਹੋ ਨਿੱਬੜਦੀਆਂ ਹਨ, ਉਹੋ ਕਈ ਵਾਰ ਹੋਰ ਅਦਾਕਾਰ ਓਨੇਂ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਨਿਭਾ ਸਕਦੇ।

ਨਾਟਕਾਂ ਦੇ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਵਜੋਂ ਗੁਰਸ਼ਰਨ ਸਿੰਘ ਦੀ ਪ੍ਰਤਿਭਾ ਸ਼ਾਇਦ ਜਨਤਾ ਤਕ ਏਨੇਂ ਵਿਸ਼ਾਲ ਰੂਪ ਵਿਚ ਨਾ ਪੁੱਜ ਸਕਦੀ,ਜੇ ਉਹ ਇਨ੍ਹਾਂ ਦੀ ਪੇਸ਼ਕਾਰੀ ਦਾ ਖਰਚੀਲਾ, ਔਖਾ, ਮਿਹਨਤ-ਮੰਗਦਾ ਅਤੇ ਫੈਲਵਾਂ ਕੰਮ ਵੀ ਆਪਣੇ ਮੋਢਿਆਂ 'ਤੇ ਨਾ ਲੈ ਲੈਂਦਾ। ਇਹ ਸਚਮੁੱਚ 'ਘਰ ਫੂਕ ਤਮਾਸ਼ਾ ਵੇਖਣ' ਵਾਲੀ ਗੱਲ ਹੈ। ਨਾਟਕ ਦੇ ਸਾਧਨ ਰਾਹੀਂ ਜਨਤਕ ਜਾਗ੍ਰਿਤੀ ਲਿਆਉਣ ਲਈ ਤਕੜੀ ਵੱਡੀ ਨੌਕਰੀ ਦਾ ਤਿਆਗ ਕਰਨਾ, ਘਰ ਦੇ ਮਾਇਕ ਵਸੀਲੇ ਵੀ ਇਸ ਪਾਸੇ ਵਰਤਦੇ ਰਹਿਣਾ, ਪਤਨੀ ਅਤੇ ਧੀਆਂ ਨੂੰ ਭੂਮਿਕਾਵਾਂ ਨਿਭਾਉਣ ਲਈ ਨਾਲ ਤੋਰਨਾ, ਬਿਨਾਂ ਕੋਈ ਕੋਈ ਟਿਕਟ ਲਾਇਆਂ ਲਗਾਤਾਰ ਨਾਟਕ ਪੇਸ਼ ਕਰਦਾ ਰਹਿਣਾ, ਸਾਮਾਨ ਦੇ ਗੱਠੜ ਚੁੱਕ ਕੇ ਭੀੜ-ਭਰੀਆਂ ਬੱਸਾਂ ਰਾਹੀਂ ਦੁਰੇਡੇ ਪਿੰਡਾਂ ਤਕ ਪਹੁੰਚਣਾ ਅਤੇ ਉਥੇ ਸਾਧਾਰਨ ਕਿਸਾਨ ਘਰਾਂ ਦੀ ਰੁੱਖੀ-ਮਿਸੀ ਦਾਲ ਰੋਟੀ ਛੱਕ ਕੇ ਠੰਡਾ ਪਾਣੀ ਪੀ ਛੱਡਣਾ। ਇਹ ਸਭ ਗੱਲਾਂ ਹਰ ਕੋਈ ਨਹੀਂ ਕਰ ਸਕਦਾ, ਸਗੋਂ ਕਿਸੇ ਉੱਚੇ-ਸੁੱਚੇ ਮਿਸ਼ਨ ਦਾ ਡੰਗਿਆਂ ਹੋਇਆ ਅਤੇ ਸਵੈ-ਕੁਰਬਾਨੀ ਦੇ ਜਜ਼ਬੇ ਨਾਲ ਰੰਗਿਆ ਹੋਇਆ ਕੋਈ ਗੁਰਸ਼ਰਨ ਸਿੰਘ ਹੀ ਕਰ ਸਕਦਾ ਹੈ।

ਉਹਦੀ ਇਸੇ ਲਗਨ ਦਾ ਸਿੱਟਾ ਹੈ ਕਿ ਅੱਜ ਉਹਦੇ ਨਾਟਕਾਂ ਲਈ ਤਾਂਘਦੇ ਦਰਸ਼ਕ ਕੇਵਲ ਪੰਜਾਬ ਵਿਚ ਅਤੇ ਬਾਕੀ ਦੇ ਭਾਰਤ ਵਿਚ ਹੀ ਨਹੀਂ, ਸਗੋਂ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਸੰਸਾਰ ਦੇ ਹੋਰ ਅਨੇਕਾਂ ਦੇਸ਼ਾਂ ਵਿਚ ਵੀ ਵੱਡੀ ਗਿਣਤੀ ਵਿਚ ਮੌਜੂਦ ਹਨ।

ਸਾਹਿਤਕ ਖੇਤਰ ਵਿਚ ਨਾਟਕ ਲਿਖਣ ਤੋਂ ਇਲਾਵਾ ਬਲਰਾਜ ਸਾਹਨੀ ਯਾਦਗਾਰੀ

ਪ੍ਰਕਾਸ਼ਨ ਦੀ ਵਿਉਂਤ ਅਧੀਨ ਉਹਨੇ ਲੋਕ-ਹਿਤੈਸ਼ੀ ਲੇਖਕਾਂ ਨੂੰ, ਖਾਸ ਕਰਕੇ ਹੋਣਹਾਰ ਨਵੇਂ ਲਿਖਣ ਵਾਲਿਆਂ ਨੂੰ ਪਾਠਕਾਂ ਤੱਕ ਪਹੁੰਚਾਉਣ ਦਾ ਜੋ ਉੱਦਮ ਕੀਤਾ ਹੈ, ਪੰਜਾਬੀ ਸਾਹਿਤ ਵਿਚ ਪ੍ਰਕਾਸ਼ਨ ਦੀਆਂ ਮੁਸ਼ਕਲਾਂ ਵੱਲ ਵੇਖਦਿਆਂ ਉਹਦੀ ਮਹੱਤਤਾ ਬਹੁਤ ਵੱਡੀ ਹੈ। ਇਸ ਨਰੋਏ ਸਾਹਿਤ ਨੂੰ ਕਾਗਜ਼ ਅਤੇ ਛਾਪੇ ਦੀ ਅਤਿਅੰਤ ਮਹਿੰਗਾਈ ਦੇ ਬਾਵਜੂਦ ਬਹੁਤ ਹੀ ਸਸਤੇ ਮੁੱਲ ਉਤੇ ਪਿੰਡ-ਪਿੰਡ ਪੁਚਾ ਕੇ ਉਹਨੇ ਜਿਸ ਪ੍ਰਕਾਰ ਪੰਜਾਬੀ ਸਾਹਿਤ ਦੇ ਅਣ-ਗਿਣਤ ਪਾਠਕ ਪੈਦਾ ਕੀਤੇ ਹਨ, ਸਾਡੇ ਸਾਹਿਤ ਦੇ ਇਤਿਹਾਸ ਵਿਚ ਇਹਦਾ ਜਿਕਰ ਸਦਾ ਹੀ ਸੁਨਹਿਰੀ ਅੱਖਰਾਂ ਵਿਚ ਹੋਵੇਗਾ।

ਇਸੇ ਪ੍ਰਕਾਰ ਪੱਤਰਕਾਰੀ ਦੇ ਖੇਤਰ ਵਿਚ ਪਹਿਲਾਂ ਸਰਦਲ ਰਾਹੀਂ ਅਤੇ ਹੁਣ ਸਮਤਾ ਰਾਹੀਂ ਜੋ ਨਰੋਆ ਕੰਮ ਉਹ ਕਰ ਰਿਹਾ ਹੈ, ਉਹ ਆਪਣੀ ਮਿਸਾਲ ਆਪ ਹੈ। ਬਿਨਾਂ ਕਿਸੇ ਲੱਗ-ਲਪੇਟ ਤੋਂ, ਬਿਨਾਂ ਕਿਸੇ ਸੁਆਰਥ ਤੋਂ, ਬਿਨਾਂ ਕਿਸੇ ਕਾਣ ਜਾਂ ਉਲਾਰ ਤੋਂ ਅਤੇ ਬਿਨਾਂ ਕਿਸੇ ਡਰ-ਭੈ ਤੋਂ ਸਮਕਾਲੀ ਸਮੱਸਿਆਵਾਂ ਅਤੇ ਉਹਦੀਆਂ ਲਿਖਤਾਂ ਬੁਰਜੂਆ ਸਮਾਜ ਦੀ ਅਜੋਕੀ ਗੰਧਲੀ ਹੋਈ ਪੱਤਰਕਾਰੀ ਦੇ ਹਨੇਰੇ ਵਿਚ ਚਾਨਣ ਦੀਆਂ ਕਿਰਨਾਂ ਵਾਂਗ ਹੁੰਦੀਆਂ ਹਨ। ਮੱਤਭੇਦ ਰੱਖਣ ਵਾਲਿਆਂ ਦੀਆਂ ਕੁਬੋਲਾਂ ਵਰਗੀਆਂ ਲਿਖਤਾਂ ਨੂੰ ਵੀ ਉਹਦਾ ਸਤਿਕਾਰ ਨਾਲ ਛਾਪਣਾ ਅਤੇ ਮਾਮਲੇ ਦੇ ਜੋ ਪ੍ਰੈਸ ਦੀ ਸੱਚੀ ਆਜ਼ਾਦੀ ਨੂੰ ਅਤੇ ਖਰੀ ਜਮਹੂਰੀਅਤ ਨੂੰ ਪ੍ਰਣਾਇਆ ਹੋਇਆ ਉਹਦੇ ਵਰਗਾ ਸੰਪਾਦਕ ਹੀ ਪਾ ਸਕਦਾ ਹੈ।

ਪੰਜਾਬੀ ਸਭਿਆਚਾਰ ਦਾ ਇਕ ਦੁਖਾਂਤ ਇਹ ਰਿਹਾ ਹੈ ਕਿ ਜਦੋਂ ਵੀ ਕਿਸੇ ਅੱਗ ਦੇ ਵਿਕਾਸ-ਪਸਾਰ ਲਈ ਕੋਈ ਸੰਵੇਦਨਾ ਪੈਦਾ ਹੁੰਦੀ ਹੈ, ਉਹਦੀ ਕੁਵਰਤੋਂ ਕਰਕੇ ਮਾਇਕ ਲਾਭ ਖੱਟਣ ਲਈ ਗਲਤ ਰੁਚੀਆਂ ਵਾਲੇ, ਨਿਮਨ ਪੱਧਰ ਦੇ ਵਿਅਕਤੀ ਅੱਗੇ ਆਏ ਹਨ। ਇਹਦੀ ਇਕ ਉਦਾਹਰਨ ਕਥਿਤ "ਟੇਪਰਿਕਾਰਡਰ ਕ੍ਰਾਂਤੀ" ਆਉਣ ਨਾਲ ਅਸ਼ਲੀਲ ਟੇਪਾਂ ਦਾ ਆਇਆ ਹੋਇਆ ਹੜ੍ਹ ਹੈ। ਜਿਥੇ ਸਾਡੀਆਂ ਰਾਜਨੀਤਕ ਪਾਰਟੀਆਂ ਇਸ ਪੱਖੋਂ ਸਦਾ ਵਾਂਗ ਉੱਕਾ ਹੀ ਅਵੇਸਲੀਆਂ ਰਹੀਆਂ ਹਨ ਅਤੇ ਸਾਹਿਤਕ-ਸਭਿਆਚਾਰਕ ਸੰਸਥਾਵਾਂ ਮਤੇ ਪਾਸ ਕਰਨ ਤੋਂ ਅਗੇ ਨਹੀਂ ਤੁਰ ਸਕੀਆਂ, ਮੇਰੀ ਜਾਚੇ ਗੁਰਸ਼ਰਨ ਸਿੰਘ ਇਕੋ-ਇਕ ਵਿਅਕਤੀ ਹੈ ਜੀਹਨੇ ਇਸ ਗਲਤ ਰੁਝਾਨ ਦੇ ਅਮਲੀ ਟਾਕਰੇ ਲਈ ਨਰੋਏ ਗੀਤਾਂ ਦੇ ਟੇਪ ਤਿਆਰ ਕਰਵਾ ਕੇ ਲੋਕਾਂ ਤੱਕ ਪੁਚਾਉਣ ਦਾ ਔਖਾ ਅਤੇ ਖਰਚੀਲਾ ਪਰ ਵਡਮੁੱਲਾ ਅਤੇ ਸਾਰਥਕ ਯਤਨ ਕੀਤਾ ਹੈ।

ਇਹ ਲੋਕ ਹਿੱਤ ਵੱਲ ਉਹਦੀ ਵਫ਼ਾਦਾਰੀ ਸਦਕਾ, ਜਨਤਕ ਸਮੱਸਿਆਵਾਂ ਵੱਲ ਉਹਦੀ ਸੁਹਿਰਦਤਾ ਸਦਕਾ ਅਤੇ ਪਰਾਈ ਪੀੜ ਨੂੰ ਆਪਣੀ ਪੀੜ ਵਜੋਂ ਮਹਿਸੂਸ ਕਰਨ ਦੀ ਉਹਦੀ ਕੋਮਲ-ਭਾਵਨਾ ਸਦਕਾ ਹੀ ਹੈ ਕਿ ਲੋਕਾਂ ਨੇ ਗੁਰਸ਼ਰਨ ਸਿੰਘ ਨੂੰ ਆਪਣੇ ਦਿਲਾਂ ਵਿਚ ਵਸਾਇਆ ਹੈ। ਤੇ ਇਸੇ ਕਰਕੇ ਹੀ ਉਹਦੀ ਕਦਰ ਕਰਨ ਵਾਲਿਆਂ ਵਿਚ ਉਹਦੇ ਵਿਚਾਰਾਂ ਦੇ ਸਾਂਝੀਵਾਲ ਜਾਂ ਮੋਟੇ ਤੌਰ 'ਤੇ ਖੱਬੇ ਵਿਚਾਰਾਂ ਵਾਲੇ, ਪਰ ਉਹਦੀ ਇਮਾਨਦਾਰੀ ਅਤੇ ਲਗਨ ਦੇ ਕਾਇਲ ਲੋਕ ਵੀ ਸ਼ਾਮਲ ਹਨ।

ਆਪਣੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸਾਹਿਤ-ਸਭਿਆਚਾਰ ਦੇ ਏਨੇਂ ਵੰਨ-ਸੁਵੰਨੇ ਖੇਤਰਾਂ ਵਿਚ ਕੰਮ ਕਰਨਾ... ਤੇ ਉਹ ਵੀ ਕੋਈ ਤਰਦਾ-ਤਰਦਾ ਨਹੀਂ, ਸਗੋਂ ਹਰੇਕ ਖੇਤਰ ਵਿਚ ਭਰਪੂਰ ਕੰਮ ਕਰਨਾ... ਕਿਸੇ ਇਕ ਸਾਧਾਰਨ ਬੰਦੇ ਦੇ ਵੱਸ ਦਾ ਨਹੀਂ ਹੁੰਦਾ। ਇਸੇ ਲਈ ਮੈਂ ਕਿਹਾ ਹੈ ਕਿ ਗੁਰਸ਼ਰਨ ਸਿੰਘ ਕਿਸੇ ਵਿਅਕਤੀ ਦਾ ਨਹੀਂ, ਸਗੋਂ ਇਕ ਬਹੁਪੱਖੀ ਸੰਸਥਾ ਦਾ ਨਾਂ ਹੈ।